ਪੋੜੀ 16-19

ਕੇਂਦਰੀ ਭਾਵ: ਅਕਾਲ ਪੁਰਖ ਬੇਅੰਤ ਮਹਾਨ ਹੈ।

ਗੁਰੂ ਨਾਨਕ ਸਾਹਿਬ ਇਹਨਾਂ ਚਾਰੋ ਪਉੜੀਆਂ ਵਿਚ ਉਸ ਕਾਦਰ ਦੀ ਮਹਾਨਤਾ ਦਾ ਜ਼ਿਕਰ ਕਰਦੇ ਹਨ। ਵੇਖੋ! ਬੇਅੰਤ ਹੈ ਉਸਦੀ ਕੁਦਰਤ, ਤੇ ਇਸ ਵਿਚ ਜਿੱਧਰ ਤੱਕੋ ਉਹ ਆਪ ਹੀ ਆਪ ਮੌਜੂਦ ਹੈ। ਕੌਣ ਅੰਦਾਜ਼ਾ ਲਾ ਸਕਦਾ ਹੈ ਕਿ ਕਾਦਰ ਕੇਡਾ ਵੱਡਾ ਹੈ ਤੇ ਉਸਦੀ ਰਚਨਾਂ ਕਿਤਨੀ ਕੁ ਹੈ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਮੇਰੀ ਕਿ ਤਾਕਤ ਹੈ ਕਿ ਉਸ ਕਾਦਰ ਦੀ ਕੁਦਰਤ ਦੀ ਵਿਚਾਰ ਕਰ ਸਕਾਂ? ਹੇ ਕਰਤਾ ਪੁਰਖ! ਮੈਂ ਤਾਂ ਤੇਰੇ ਉੱਤੋਂ ਇਕ ਵਾਰ ਭੀ ਸਦਕੇ ਜਾਣ ਜੋਗਾ ਨਹੀਂ ਹਾਂ ਭਾਵ, ਮੇਰੀ ਹਸਤੀ ਬਹੁਤ ਹੀ ਛੋਟੀ ਹੈ। ਹੇ ਨਿਰੰਕਾਰ ! ਤੂੰ ਸਦਾ ਥਿਰ ਰਹਿਣ ਵਾਲਾ ਹੈ, ਜੋ ਤੈਨੂੰ ਚੰਗਾ ਲਗਦਾ ਹੈ, ਉਹੀ ਕੰਮ ਭਲਾ ਹੈ; ਭਾਵ ਤੇਰੀ ਰਜ਼ਾ ਵਿਚ ਰਹਿਣਾ ਹੀ ਅਸਾਂ ਜੀਵਾਂ ਲਈ ਭਲੀ ਗੱਲ ਹੈ।

ਜਿਨ੍ਹਾਂ ਨੇ ਪ੍ਰਮਾਤਮਾ ਨੂੰ ਜਾਣ ਲਿਆ, ਉਹ ਪੰਚ ਬਣ ਗਿਆ। ਉਹ ਪਰਵਾਣ ਹੈ, ਉਹ ਪ੍ਰਧਾਨ ਹੈ। ਉਹ ਹੀ ਪ੍ਰਮਾਤਮਾ ਦੀ ਦਰਗਾਹ ਵਿੱਚ ਮਾਣ ਪਾਉਂਦਾ ਹੈ, ਸੁਭਾਇਮਾਨ ਹੁੰਦਾ ਹੈ। ਉਹ ਇਕ ਪ੍ਰਮਾਤਮਾ ਦਾ ਹੀ ਧਿਆਨ ਕਰਦੇ ਹਨ। ਇਹੋ ਜਿਹੇ ਪ੍ਰਮੁਖ ਵੀ ਜੇਕਰ ਉਸਦੀ ਵਿਚਾਰ ਕਰਨ ਤਾਂ ਉਹ ਪ੍ਰਮਾਤਮਾ ਉਨ੍ਹਾਂ ਦੀ ਸ਼ੁਮਾਰੀ ਵਿੱਚ ਨਹੀ ਆਉਂਦਾ। ਪ੍ਰਮਾਤਮਾ ਦੇ ਬਾਰੇ ਕੁਝ ਵੀ ਤਾਂ ਨਹੀਂ ਕਿਹਾ ਜਾ ਸਕਦਾ। ਕਿਉਂਕਿ ਨਾ ਤਾਂ ਉਸਦਾ ਕੋਈ ਅੰਤ ਹੈ, ਨਾ ਕੋਈ ਹੱਦ ਹੈ। ਸਰਵ-ਉਚ ਪੁਰਸ਼ ਸਿਰਫ ਇਸ਼ਾਰਾ ਕਰਦੇ ਹਨ।

ਪ੍ਰਮਾਤਮਾ ਦੇ ਸੰਬੰਧ ਵਿੱਚ ਜੋ ਵੀ ਕਿਹਾ ਜਾਵੇ ਉਹ ਨਕਾਰਾਤਮਕ ਹੋਵੇਗਾ। ਅਸੀਂ ਇਹ ਨਹੀਂ ਕਹਿ ਸਕਦੇ ਕਿ ਉਹ ਇਹ ਹੈ। ਇਹੋ ਜਿਹਾ ਸਿੱਧਾ ਇਸ਼ਾਰਾ ਤਾਂ ਉਸਨੂੰ ਸੀਮਿਤ ਕਰ ਦੇਵੇਗਾ। ਸੀਮਿਤ ਨੂੰ ਅਸੀਂ ਉਂਗਲੀ ਨਾਲ ਦੱਸ ਸਕਦੇ ਹਾਂ, ਕਿ ਇਹ ਰਿਹਾ। ਅਸੀਮ ਨੂੰ ਅਸੀਂ ਕਿਵੇਂ ਦੱਸਾਂਗੇ?

ਪ੍ਰਮਾਤਮਾ ਦੇ ਸੰਬੰਧ ਵਿੱਚ ਲੋਕ ਬਹੁਤ ਗੱਲਾਂ ਕਰਦੇ ਹਨ। ਵੱਡੇ ਵਿਵਾਦ, ਵੱਡੀਆਂ ਕਿਤਾਬਾਂ, ਵੱਡੀਆਂ ਚਰਚਾਵਾਂ ਚਲਦੀਆਂ ਹਨ। ਸਬੂਤ ਇੱਕਠੇ ਕਰਦੇ ਹਨ, ਸਿੱਧ ਕਰਦੇ ਹਨ, ਕਿ ਪ੍ਰਮਾਤਮਾ ਹੈ ਜਾਂ ਨਹੀਂ ਅਤੇ ਕੋਈ ਵੀ ਇਹ ਫ਼ਿਕਰ ਨਹੀਂ ਕਰਦਾ ਕਿ ਪ੍ਰਮਾਤਮਾ ਨੂੰ ਸਿੱਧ ਨਹੀਂ ਕੀਤਾ ਜਾ ਸਕਦਾ ਅਤੇ ਨਾ ਅਸਿੱਧ ਕੀਤਾ ਜਾ ਸਕਦਾ ਹੈ। ਪ੍ਰਮਾਤਮਾ ਨੂੰ ਤਾਂ ਜਾਣਿਆ ਜਾ ਸਕਦਾ ਹੈ, ਜੀਵਿਆ ਜਾ ਸਕਦਾ ਹੈ, ਪ੍ਰਮਾਤਮਾ ਹੋਇਆ ਜਾ ਸਕਦਾ ਹੈ।

ਤੁਸੀਂ ਕਿਵੇਂ ਸਿੱਧ ਕਰੋਗੇ ਕਿ ਪ੍ਰਮਾਤਮਾ ਹੈ ਜਾਂ ਨਹੀਂ? ਤੁਸੀਂ ਜੋ ਵੀ ਕਹੋਗੇ ਬੇਤੁਕਾ, ਥੋਥਾ ਹੋਇਗਾ। ਕਿਉਂਕਿ ਪ੍ਰਮਾਤਮਾ ਦਾ ਅਰਥ ਹੈ, ਇਹ ਸੰਪੂਰਨਤਾ, ਸਮੁੱਚਾ ਇਹ ਜੋ ਵਿਰਾਟ ਸਾਰੇ ਪਾਸੇ ਫੈਲਿਆ ਹੋਇਆ ਹੈ, ਇਸਦਾ ਇਕੱਠਾ ਇੱਕ ਨਾਉਂ ਪ੍ਰਮਾਤਮਾ ਹੈ। ਪ੍ਰਮਾਤਮਾ ਕੋਈ ਮਨੁੱਖ ਤਾਂ ਨਹੀਂ ਜਿਹੜਾ ਕਿਤੇ ਆਕਾਸ਼ ਵਿੱਚ ਬੈਠਿਆ ਹੋਇਆ ਹੈ।

ਧਰਮ ਨੇ ਧਰਤੀ ਨੂੰ ਧਾਰਣ ਕੀਤਾ ਹੈ। ਧਰਮ ਅਧਾਰ ਹੈ ਜੀਵਨ ਦਾ ਕੁਦਰਤ ਦਾ। ਅਧਾਰ ਦਾ ਅਰਥ ਹੁੰਦਾ ਹੈ, ਜਿਸਦੇ ਬਿਨਾਂ ਕੁਦਰਤ ਖਿੰਡ ਜਾਵੇ। ਜਿਸ ਤੋਂ ਬਗ਼ੈਰ ਕੁਦਰਤ ਦਾ ਭਵਨ ਢਹਿ ਜਾਏ – ਬੁਨਿਆਦ ਹੈ। ਬਾਕੀ ਸਭ ਚੀਜਾਂ ਭਵਨ ਦੀ ਸਜਾਵਟ ਹਨ, ਉਨ੍ਹਾਂ ਨਾਲ ਭਵਨ ਬਣਿਆ ਹੈ। ਪਰ ਧਰਮ ਅਧਾਰ ਹੈ। ਧਰਮ ਦਾ ਅਰਥ ਹੀ ਹੁੰਦਾ ਹੈ, ਸੁਭਾਉ ਦੀ ਜੋ ਬਹੁਤਾਤ ਹੈ, ਸੁਭਾਉ ਦਾ ਜੋ ਆਖ਼ਰੀ ਸੂਤਰ ਹੈ। ਜਿਵੇਂ ਅੱਗ ਦਾ ਗਰਮ ਹੋਣਾ ਸੁਭਾਉ ਹੈ। ਅੱਗ ਠੰਡੀ ਹੋ ਜਾਵੇ ਤਾਂ ਅੱਗ ਹੀ ਨਾ ਰਹੀ। ਸੂਰਜ ਦਾ ਪ੍ਰਕਾਸ਼ ਦੇਣਾ ਸੁਭਾਉ ਹੈ। ਸੂਰਜ ਰੋਸ਼ਨੀ ਨਾ ਦੇਵੇ ਤਾਂ ਸੂਰਜ ਹੀ ਨਾ ਰਿਹਾ। ਰੋਸ਼ਨੀ ਬਿਨਾਂ ਸੂਰਜ ਨੂੰ ਕੀ ਸੂਰਜ ਕਹੋਗੇ?ਉਸਨੇ ਧਰਮ ਗੁਆ ਦਿੱਤਾ, ਆਪਣਾ ਗੁਣ ਗੁਆ ਲਿਆ। ਸੁਭਾਉ ਤੋਂ ਕੋਈ ਚੀਜ਼ ਬੇਮੁੱਖ ਹੋ ਜਾਏ, ਤਾਂ ਫ਼ਿਰ ਉਹ ਉਹ ਹੀ ਨਾ ਰਹੀ, ਜੋ ਸੀ। ਕਿਉਂਕਿ ਜੋ ਵੀ ਉਹ ਸੀ ਸੁਭਾਉ ਦੇ ਕਾਰਣ ਸੀ। ਸੂਰਜ ਸੂਰਜ ਹੈ ਰੋਸ਼ਨੀ ਦੇ ਕਾਰਣ। ਅੱਗ ਅੱਗ ਹੈ ਤਪਸ਼ ਦੇ ਕਾਰਣ। ਮਨੁੱਖ ਮਨੁੱਖ ਹੈ ਧਿਆਨ ਦੇ ਕਾਰਣ। ਉਹ ਉਸਦਾ ਸੁਭਾਉ ਹੈ! ਅਤੇ ਜਿਹੜਾ ਮਨੁੱਖ ਧਿਆਨ ਗੁਆ ਦੇਵੇ, ਉਹ ਨਾ-ਮਾਤ੍ਰ ਦਾ ਮਨੁੱਖ ਹੈ। ਉਹ ਕੇਵਲ ਵਿਖਾਈ ਦੇਂਦਾ ਹੈ ਕਿ ਮਨੁੱਖ ਹੈ, ਹੈ ਨਹੀ।

ਧਰਮ ਨੇ ਧਰਤੀ ਨੂੰ ਧਾਰਣ ਕੀਤਾ ਹੈ, ਉਹ ਸੁਭਾਉ ਹੈ, ਅਧਾਰ ਹੈ ਅਤੇ ਦਇਆ ਤੋਂ ਪੈਦਾ ਹੋਇਆ ਹੈ। ਸੰਤੋਖ ਦੀ ਸਥਾਪਨਾ ਕਰਕੇ ਸੰਤੁਲਨ ਬਣਾਓ।

ਆਪਣੇ ਉਤੇ ਸਦਾ ਸੰਤੋਖ, ਦੂਜੇ ਉਤੇ ਸਦਾ ਦਇਆ। ਜੋ ਮੈਨੂੰ ਮਿਲਿਆ ਹੈ ਕਾਫ਼ੀ ਹੈ। ਜਿਹੜਾ ਆਦਮੀ ਆਪਣੇ ਵਿੱਚ ਸੰਤੋਖ ਰਖੇਗਾ ਉਹ ਪਰਮ ਸ਼ਾਂਤੀ ਨੂੰ ਪ੍ਰਾਪਤ ਹੋ ਜਾਏਗਾ। ਕਿਉਂਕਿ ਅਸ਼ਾਂਤੀ ਪੈਦਾ ਹੁੰਦੀ ਹੈ ਅਸੰਤੋਖ ਨਾਲ। ਪਹਿਲਾਂ ਅਸੰਤੋਖ ਆਉਂਦਾ ਹੈ ਫ਼ਿਰ ਅਸ਼ਾਂਤੀ ਆਉਂਦੀ ਹੈ। ਸਾਨੂੰ ਲਗਦਾ ਹੈ ਕਿ ਜੋ ਹੋਣਾ ਚਾਹੀਦਾ ਹੈ ਉਹ ਨਹੀਂ ਹੋ ਰਿਹਾ। ਜੋ ਮੈਨੂੰ ਮਿਲਣਾ ਸੀ ਉਹ ਨਹੀਂ ਮਿਲਿਆ। ਜਿਹੜਾ ਮੇਰਾ ਅਧਿਕਾਰ ਸੀ ਉਹ ਨਹੀਂ ਹੋ ਰਿਹਾ। ਪ੍ਰਮਾਤਮਾ ਮੇਰੇ ਉਤੇ ਨਾਰਾਜ ਹੈ ਮੇਰੇ ਨਾਲ ਇਨਸਾਫ਼ ਨਹੀਂ ਹੋ ਰਿਹਾ। ਮੇਰੀ ਯੋਗਤਾ ਮੁਤਾਬਿਕ ਮੈਨੂੰ ਮਾਣ-ਸਨਮਾਣ ਨਹੀਂ ਮਿਲ ਰਿਹਾ। ਮੇਰੀ ਅਕਲ ਮੁਤਾਬਿਕ ਮੈਨੂੰ ਧਨ ਨਹੀਂ ਮਿਲ ਰਿਹਾ। ਲੋਕ ਸਮਝ ਹੀ ਨਹੀਂ ਪਾ ਰਹੇ, ਕਿ ਮੈਂ ਕੋਣ ਹਾਂ! ਜਿਵੇਂ ਹੀ ਤੁਹਾਡੇ ਕੋਲ ਅਸੰਤੋਖ ਦੇ ਸ਼ਬਦ ਇਕੱਠੇ ਹੋਏ, ਛੇਤੀ ਹੀ ਅਸ਼ਾਤੀ ਸ਼ੁਰੂ ਹੋ ਜਾਏਗੀ। ਕਿਉਂਕਿ ਅਸੰਤੋਖ ਵਿੱਚ ਕੀ-ਕੀ ਨਹੀਂ ਹੈ ਵਿਖਾਈ ਪਏਗਾ। ਆਪਣੇ ਪ੍ਰਤੀ ਸੰਤੋਖ, ਤਦ ਤੁਹਾਨੂੰ ਉਹ ਵਿਖਾਈ ਪਏਗਾ ਜੋ ਹੈ। ਅਤੇ ਜਿਵੇਂ ਹੀ ਉਹ ਵਿਖਾਈ ਪਵੇਗਾ ਜੋ ਹੈ, ਤੁਸੀਂ ਧੰਨਵਾਦ ਨਾਲ ਭਰ ਜਾਉਗੇ। ਤੁਸੀਂ ਪ੍ਰਮਾਤਮਾ ਨੂੰ ਧੰਨਵਾਦ ਦੇ ਸਕੋਗੇ, ਕਿ ਤੂੰ ਜ਼ਰੂਰਤ ਤੇ ਵੱਧ ਮੈਨੂੰ ਦਿੱਤਾ ਹੈ।

ਆਪਣੇ ਪ੍ਰਤਿ ਸੰਤੋਖ, ਦੂਜੇ ਦੇ ਲਈ ਦਇਆ। ਦੂਜੇ ਦੇ ਲਈ ਜੋ ਵੀ ਤੁਹਾਡੇ ਤੋਂ ਹੋ ਸਕੇ ਕਰਨਾ। ਉਨ੍ਹਾਂ ਦੇ ਜੀਵਨ ਵਿੱਚ ਜਿੰਨਾ ਸੁੱਖ, ਸ਼ਾਂਤੀ ਦੇ ਸਕੋ ਦੇਣ ਦੀ ਕੋਸ਼ਿਸ਼ ਕਰਨਾ। ਮਿਲ ਸਕੇ, ਨਾ ਮਿਲ ਸਕੇ, ਇਸ ਸੰਬੰਧ ਵਿੱਚ ਸੰਤੋਖ ਰਖਣਾ। ਕਿਉਂਕਿ ਉਹ ਅੰਦਰੂਨੀ ਗੱਲ ਹੈ। ਤੁਸੀਂ ਕੋਸ਼ਿਸ਼ ਕੀਤੀ ਫ਼ਿਰ ਵੀ ਤੁਸੀਂ ਨਹੀਂ ਦੇ ਸਕੇ; ਤਾਂ ਸੰਤੋਖ ਰਖਣਾ।

ਦੂਜੇ ਦੇ ਸੰਬੰਧ ਵਿੱਚ ਸੰਤੋਖ, ਆਪਣੇ ਸੰਬੰਧ 'ਚ ਦਇਆ; ਅਸੀਂ ਅਜਿਹਾ ਕਰ ਲਿਆ ਹੈ। ਆਪਣੇ ਉਤੇ ਦਇਆ ਕਰਦੇ ਹਾਂ ਕਿ ਸਭ ਹੋਣਾ ਚਾਹੀਦਾ ਹੈ। ਦੂਜੇ ਲਈ ਬਹੁਤ ਸੰਤੋਖ ਰਖਦੇ ਹਾਂ ਕਿ ਜੋ ਹੈ, ਸਭ ਠੀਕ ਹੈ । ਗ਼ਰੀਬ ਦੀ ਜ਼ਿੰਦਗੀ ਨੂੰ ਬਦਲਣ ਲਈ ਸਾਡੇ ਅੰਦਰ ਕੋਈ ਦਇਆ ਨਹੀਂ॥ ਦਇਆ ਅਸੀਂ ਸਾਰੀ ਆਪਣੇ ਉਪਰ ਹੀ ਖ਼ਰਚ ਕਰ ਦਿੰਦੇ ਹਾਂ।

ਜੇਕਰ ਸਿਰਫ਼ ਦੂਜੇ ਉਪੱਰ ਦਇਆ ਕੀਤੀ, ਅਤੇ ਆਪਣੇ ਉਤੇ ਸੰਤੋਖ ਨਾ ਰਖਿਆ, ਤਾਂ ਤੁਸੀਂ ਇੱਕ ਸਮਾਜ ਸੁਧਾਰਕ ਹੋ ਸਕਦੇ ਹੋ, ਪਰ ਧਾਰਮਿਕ ਨਾ ਹੋ ਪਾਉਗੇ। ਸਿਰਫ਼ ਆਪਣੇ ਉਪਰ ਸੰਤੋਖ ਰਖਿਆ ਅਤੇ ਦੂਜੇ ਉਤੇ ਦਇਆ ਨਾ ਕੀਤੀ, ਤਾਂ ਤੁਸੀਂ ਇੱਕ ਮੁਰਦਾ ਸਾਧੂ ਜੋ ਜਾਓਗੇ, ਤੁਹਾਡਾ ਜੀਵਨ ਗੁਆਚ ਜਾਵੇਗਾ।

ਇਸ ਲਈ ਗੁਰੂ ਨਾਨਕ ਸਾਹਿਬ ਕਹਿੰਦੇ ਹਨ, "ਧਰਮ ਦਇਆ ਤੋਂ ਪੈਦਾ ਹੋਇਆ ਹੈ।ਸੰਤੋਖ ਦੀ ਸਥਾਪਨਾ ਕਰਕੇ ਸੰਤੁਲਨ ਬਣਾਓ"। ਜਿਸ ਨੇ ਵੀ ਦਇਆ ਅਤੇ ਸੰਤੋਖ ਨੂੰ ਸਾਧ ਲਿਆ ਠੀਕ ਮਿਕਦਾਰ ਵਿੱਚ, ਠੀਕ ਦਿਸ਼ਾ ਵਿੱਚ, ਉਸਨੂੰ ਜੀਵਨ ਦਾ ਪਰਮ ਅਧਾਰ ਮਿਲ ਜਾਏਗਾ। ਉਹ ਪਾ ਲਏਗਾ ਕਿ ਧਰਮ ਕੀ ਹੈ! ਜੀਵਨ ਜਿਵੇਂ ਦੋ ਪੈਰਾਂ ਨਾਲ ਟੁਰਦਾ ਹੈ, ਪੰਛੀ ਦੋ ਖੰਭਾਂ ਨਾਲ ਉਡੱਦਾ ਹੈ, ਜਿਵੇਂ ਤੁਸੀਂ ਦੋ ਅੱਖਾਂ ਨਾਲ ਵੇਖਦੇ ਹੋ ਤਦ ਜੀਵਨ ਦੀ ਪੂਰੀ ਤਸਵੀਰ ਵਿਖਾਈ ਦੇਂਦੀ ਹੈ। ਠੀਕ ਉਸੇ ਤਰ੍ਹਾਂ ਦੋ ਖੰਭ ਹਨ ਉਸ ਅੰਤਮ ਯਾਤਰਾ ਦੇ। ਗੁਰੂ ਨਾਨਕ ਨੇ ਉਸਨੂੰ ਨਾਮ ਦਿੱਤਾ ਹੈ ਦਇਆ, ਸੰਤੋਖ।

ਜੋ ਕੋਈ ਇਸ ਨੂੰ ਸਮਝਦਾ ਹੈ ਉਹ **ਸੱਚਸਰੂਪ** ਹੋ ਜਾਂਦਾ ਹੈ। ਅੰਦਰ ਸੰਤੋਖ, ਬਾਹਰ ਦਇਆ; ਅੰਦਰ ਧਿਆਨ, ਬਾਹਰ ਕਰੁਣਾ।

ਸਿਰਫ਼ ਪ੍ਰਮਾਤਮਾ ਹੀ ਜਾਣਦਾ ਹੈ ਕਿ ਧਰਮ ਉਤੇ ਕਿੰਨਾ ਭਾਰ ਹੈ। ਕਿਉਂਕਿ ਧਰਤੀ ਇੱਕ ਨਹੀਂ ਹੈ ਅਨੇਕ ਹਨ ਅਤੇ ਉਨ੍ਹਾਂ ਤੇ ਪਰੇ ਹੋਰ ਧਰਤੀਆਂ ਹਨ।ਉਨ੍ਹਾਂ ਦੇ ਭਾਰ ਹੇਠਾਂ ਕਿਹੜੀ ਸ਼ਕਤੀ ਹੈ? ਜਿੰਨੇ ਜੀਵ ਹਨ, ਜਾਤੀਆਂ ਹਨ, ਰੰਗ ਹਨ, ਸਾਰਿਆਂ ਦੇ ਨਾਉਂ ਉਸਦੀ ਆਗਿਆ ਦੀ ਕਲਮ ਨਾਲ ਲਿਖੇ ਗਏ। ਕੋਈ ਵਿਰਲਾ ਹੀ ਇਸ ਲੇਖੇ ਨੂੰ ਲਿਖਣਾ ਜਾਣਦਾ ਹੈ। ਜੇਕਰ ਲਿਖਿਆ ਜਾਏ ਤਾਂ ਕਿੰਨਾ ਵੱਡਾ ਹੋਏਗਾ! ਕਿੰਨੀ ਪ੍ਰਮਾਤਮਾ ਦੀ ਸ਼ਕਤੀ ਹੈ! ਕਿੰਨਾ ਸੁੰਦਰ ਉਸਦਾ ਰੂਪ ਹੈ। ਉਸਦੇ ਦਾਨ ਕਿੰਨੇ ਹਨ ਇਹ ਕੋਣ ਜਾਣ ਸਕਦਾ ਹੈ? ਅਤੇ ਕੋਣ ਅੰਦਾਜ਼ਾ ਲਗਾ ਸਕਦਾ ਹੈ? ਉਸਦੇ ਇੱਕ ਸ਼ਬਦ ਨਾਲ ਕਿੰਨਾ ਫੈਲਾਓ ਹੋਇਆ। ਉਸੇ ਤੋਂ ਸ੍ਰਿਸ਼ਟੀ (ਜੀਵਨ) ਦੇ ਲੱਖਾਂ ਦਰਿਆ ਚੱਲ ਪਏ। ਕੁਦਰਤ ਦਾ ਕਿਸ ਤਰ੍ਹਾਂ ਵਿਚਾਰ ਕਰੀਏ, ਉਸਤੇ ਵਾਰ-ਵਾਰ ਮੈਂ ਨਿਛਾਵਰ ਜਾਵਾਂ ਤਾਂ ਘੱਟ ਹੈ। ਜੋ ਤੈਨੂੰ ਭਾਵੇ ਉਹ ਹੀ ਭਲਾ ਹੈ। ਤੂੰ ਸਦਾ ਸਲਾਮਤ ਅਤੇ ਨਿਰੰਕਾਰ ਹੈ।

ਜਿਵੇਂ ਹੀ ਕੋਈ ਸੱਚਸਰੂਪ ਹੋ ਜਾਂਦਾ ਹੈ ਉਸਨੂੰ ਵਿਖਾਈ ਪੈਣਾ ਸ਼ੁਰੂ ਹੋ ਜਾਏਗਾ ਕਿੰਨਾਂ ਅੰਨਤ ਜੀਵਨ ਹੈ! ਅਤੇ ਕਿੰਨੀ ਮਹਿਮਾ ਹੈ ਅੰਨਤ ਦੀ, ਅਸੀਮ ਸੁੰਦਰਤਾ, ਸ਼ਕਤੀ ਦੀ ਕੋਈ ਹੱਦ ਨਹੀਂ, ਕਿੰਨਾ ਰਸ ਹੈ ਉਸ ਵਿੱਚ! ਕਿਵੇਂ ਵਿਚਾਰ ਕਰਾਂ? ਵਿਸਮਾਦ ਨਾਲ ਅੱਖਾਂ ਭਰ ਜਾਂਦੀਆਂ ਹਨ। ਜਿਹੜਾ ਅਸੀਮ ਘਟਿਤ ਹੋ ਰਿਹਾ, ਅੰਨਤ ਦਾਤਾਂ ਵਰ੍ਹ ਰਹੀਆਂ ਹਨ, ਉਸਨੂੰ ਕਿਵੇਂ ਚੁਕਾਵਾਂ? ਉਸ ਦੇ ਉਤੋਂ ਹਜ਼ਾਰ ਵਾਰ ਨਿਛਾਵਰ ਹੋਵਾਂ ਤਾਂ ਵੀ ਘੱਟ ਹੈ।

ਇਹੋ ਜਿਹੀ ਘੜੀ ਵਿੱਚ ਤੁਸੀਂ ਆਪਣੀ ਮਰਜ਼ੀ ਬਿਲਕੁਲ ਛੱਡ ਦਿਓਗੇ। ਇਕੋ ਹੀ ਪ੍ਰਾਥਨਾਂ ਕਰੋਗੇ ਕਿ ਮੇਰੀ ਮਰਜ਼ੀ ਨੂੰ ਪੂਰਾ ਨਾ ਕਰੀ। ਜੋ ਤੇਰੀ ਮਰਜ਼ੀ ਹੋਵੇ ਉਹ ਹੀ ਪੂਰੀ ਹੋਵੇ। ਕਿਉਂਕਿ ਮੈ ਤਾਂ ਜੋ ਵੀ ਮੰਗਾਂਗਾ ਉਹ ਛੋਟਾ ਹੀ ਹੋਇਗਾ। ਬੱਚੇ ਖਿਡੋਣੇ ਹੀ ਮੰਗਣਗੇ। ਨਾ ਸਮਝ ਨਾਸਮਝੀਆਂ ਮੰਗਣਗੇ। ਤੂੰ ਮੇਰੀ ਮਰਜ਼ੀ ਪੂਰੀ ਨਾ ਹੋਣ ਦੇਵੀਂ। ਜੋ ਤੇਰੀ ਮਰਜ਼ੀ ਹੈ, ਉਹ ਹੀ ਭਲਾ ਹੈ। ਹੁਣ ਮੈਂ ਸੋਚਣ ਵਾਲਾ ਵੀ ਨਹੀਂ ਹਾਂ ਕਿ ਕੀ ਠੀਕ ਹੈ, ਕੀ ਗਲਤ! ਜੋ ਤੂੰ ਕਰਦਾ ਹੈ ਉਹ ਹੀ ਠੀਕ। ਜੋ ਤੂੰ ਨਹੀਂ ਕਰਦਾ ਉਹ ਠੀਕ ਨਹੀਂ। ਇਕੋ ਹੀ ਕਸੌਟੀ ਬਚ ਜਾਂਦੀ ਹੈ - ਜੋ ਤੈਨੂੰ ਭਾਵੇ ਉਹ ਹੀ ਭਲਾ। ਤੂੰ ਸਦਾ ਸਲਾਮਤ ਅਤੇ ਨਿੰਰਕਾਰ ਹੈ।

ਤੂੰ ਸਦਾ ਹੈ। ਮੈਂ ਕਦੇ ਹੁੰਦਾ ਹਾਂ ਅਤੇ ਕਦੇ ਗੁੰਮ ਹੋ ਜਾਂਦਾ ਹਾਂ। ਮੇਰਾ ਹੋਣਾ ਤਾਂ ਪਾਣੀ ਉਤੇ ਬਣੇ ਇੱਕ ਬੁਲਬੁਲੇ ਦੀ ਤਰ੍ਹਾਂ ਹੈ। ਤੂੰ ਸਾਗਰ ਹੈਂ, ਮੈਂ ਲਹਿਰ ਹਾਂ। ਅਤੇ ਲਹਿਰ ਦੀ ਕੀ ਮੰਗ? ਲ਼ਹਿਰ ਦੀ ਮੰਗ ਠੀਕ ਵੀ ਕਿਵੇਂ ਹੋ ਸਕਦੀ ਹੈ? ਘੜੀ ਕੁ ਦਾ ਜਿਸਦਾ ਹੋਣਾ ਹੈ, ਉਸ ਦੀ ਵਾਸ਼ਨਾ ਵਿੱਚ ਕਜਿਹਾ ਸੱਚ ਹੋ ਸਕਦਾ ਹੈ। ਤੁਹਾਡੇ ਜੀਵਨ ਵਿੱਚ ਵੀ ਘੜੀਆਂ ਆਉਂਣਗੀਆਂ ਜਦ ਤੁਹਾਡੀ ਸਾਰੀ ਸ਼ਰਧਾ ਡਾਵਾਂਡੋਲ ਹੋ ਜਾਵੇਗੀ। ਤੁਹਾਡੇ ਮਨ'ਚ ਇਹ ਪੁਕਾਰ ਉਠੇਗੀ ਕਿ ਇਹ ਕੀ ਹੋ ਰਿਹਾ ਹੈ । ਇਹ ਤੂੰ ਕੀ ਕਰ ਰਿਹਾਂ ਹੈ! ਤੇਰੇ ਉਤੇ ਏਨਾ ਭਰੋਸਾ ਕੀਤਾ ਅਤੇ ਇਹ ਫਲ? ਇਹ ਗਲ ਹੀ ਦਸਦੀ ਹੈ ਕਿ ਵਿਸ਼ਵਾਸ਼ ਪੂਰਾ ਨਹੀਂ ਕੀਤਾ। ਨਹੀਂ ਤਾਂ ਫਲ ਜੋ ਵੀ ਮਿਲ ਰਿਹਾ ਹੈ ਤੁਸੀਂ ਖੁਸ਼ੀ ਨਾਲ ਰਾਜ਼ੀ ਹੁੰਦੇ। ਨਾਖੁੱਸ਼ ਵੀ ਰਾਜ਼ੀ ਹੋਏ, ਰਾਜ਼ੀ ਹੋਣਾ ਪੂਰਾ ਨਹੀਂ। ਸ਼ਿਕਾਇਤ ਨਾਲ ਰਾਜ਼ੀ ਹੋਏ, ਤਾਂ ਸਵੀਕਾਰ ਅਧੂਰਾ ਹੈ। ਸ਼ਰਧਾ ਪਰਿਪੂਰਣ ਨਹੀਂ।

ਗੁਰੁ ਨਾਨਕ ਸਾਹਿਬ ਕਹਿੰਦੇ ਹਨ, ਜਿਵੇਂ ਧਿਆਨ ਡੂੰਘਾ ਹੋਵੇ, ਅੰਦਰ ਸੰਤੋਖ, ਬਾਹਰ ਦਇਆ। ਜਿਵੇਂ-ਜਿਵੇਂ ਦਇਆ ਪਕੇਗੀ, ਸੰਤੋਖ ਡੂੰਘਾ ਹੋਏਗਾ, ਤਿਵੇਂ-ਤਿਵੇਂ ਇਹ ਭਾਵਨਾ ਤੁਹਾਡੇ ਜੀਵਨ ਵਿੱਚ ਆਪਣੇ ਆਪ ਉਤਰ ਆਵੇਗੀ - "ਜੋ ਤੈਨੂੰ ਭਾਵੇ ਉਹ ਹੀ ਭਲਾ ਹੈ"। ਇਹ ਹੀ ਪਰਿਪੂਰਣਤਾ ਹੈ।

ਅਕਾਲ ਪੁਰਖ ਦੀ ਸਾਰੀ ਕੁਦਰਤ ਦਾ ਅੰਤ ਲੱਭਣਾ ਤਾਂ ਕਿਤੇ ਰਿਹਾ, ਸਿਰਫ਼ ਇਸ ਧਰਤੀ ਦੇ ਉਤੇ ਉਨ੍ਹਾਂ ਦੀ ਗਿਣਤੀ ਕਰਨ ਲਗੋ ਜੋ ਜਪ, ਤਪ, ਪੂਜਾ, ਧਾਰਮਿਕ ਕਿਤਾਬਾਂ ਦਾ ਪਾਠ, ਜੋਗ ਸਮਾਧੀ ਆਦਿਕ ਕੰਮ ਕਰਦੇ ਆ ਰਹੇ ਹਨ ਤਾਂ ਇਹ ਲੇਖਾ ਮੁੱਕਣ ਵਾਲਾ ਨਹੀਂ ਹੈ। ਗੁਰੁ ਨਾਨਕ ਕਹਿ ਰਹੇ ਹਨ ਕਿ ਮੈਨੂੰ ਤਾਂ ਇਕੋ ਹੀ ਰਾਹ ਵਿਖਾਈ ਦਿੰਦਾ ਹੈ ਅਤੇ ਉਹ ਹੈ ...ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂੰ ਸਦਾ ਸਲਾਮਤਿ ਨਿਰੰਕਾਰ॥

ਤੁਸੀਂ ਜੇਕਰ ਆਪਣੇ ਆਪ ਨੂੰ ਵਿੱਚਕਾਰ ਲਿਆਉਣਾ ਬੰਦ ਕਰ ਦਿਓ, ਛੱਡ ਦਿਓ ਉਸਦੇ ਉਤੇ। ਉਹ ਜੋ ਕਰਵਾ ਰਿਹਾ ਹੈ, ਜੋ ਉਸਨੇ ਹੁਣ ਤਕ ਕਰਵਾਇਆ ਹੈ, ਉਸ ਲਈ ਧੰਨਵਾਦ। ਜੋ ਉਹ ਕੱਲ੍ਹ ਕਰਵਾਏਗਾ ਉਸ ਲਈ ਵੀ ਧੰਨਵਾਦ। ਤੁਸੀਂ ਬਿਨਾਂ ਲਿਖਿਆ ਧੰਨਵਾਦ ਦਾ ਚੈਕ ਉਸਨੂੰ ਦੇ ਦਿਓ। ਉਹ ਜੋ ਵੀ ਹੋਵੇ, ਤੁਹਾਡੇ ਧੰਨਵਾਦ ਵਿੱਚ ਕੋਈ ਫ਼ਰਕ ਨਾ ਪਵੇ। ਚੰਗਾ ਲਗੇ, ਭੈੜਾ ਲਗੇ, ਲੋਕ ਚੰਗਾ ਕਹਿਣ, ਭੈੜਾ ਕਹਿਣ, ਲੋਕਾਂ ਨੂੰ ਵਿਖਾਈ ਪਵੇ ਸੁਭਾਗ ਜਾਂ ਦੁਰਭਾਗ, ਇਹ ਸਾਰੀਆਂ ਚਿੰਤਾ ਤੁਸੀਂ ਨਾ ਕਰਨਾ। ਤੂੰ ਸਦਾ ਹੈ। ਨਿੰਰਕਾਰ ਹੈ, ਸ਼ਾਸ਼ਵਤ ਹੈ। ਮੈਂ ਨਿੱਕਾ ਹਾਂ, ਲਹਿਰ ਦੇ ਵਾਂਗ ਹਾਂ, ਮੈ ਸਭ ਤੇਰੇ ਉਤੇ ਛੱਡਦਾ ਹਾਂ। ਮੈ ਤੇਰੀ ਇਸ ਮਹਿਮਾਂ ਤੋਂ ਹਜ਼ਾਰ ਵਾਰ ਵੀ ਵਾਰਿਆ ਜਾਵਾਂ ਤਾਂ ਵੀ ਥੋੜਾ ਹੈ। ਜੋ ਤੇਰੀ ਮਰਜ਼ੀ ਹੈ, ਉਹ ਹੀ ਭਲਾ ਹੈ।

ਜਿਵੇਂ ਜਪੀਆਂ, ਤਪੀਆਂ ਆਦਿ ਦੀ ਗਿਣਤੀ ਨਹੀਂ ਹੋ ਸਕਦੀ ਉਸੇ ਤਰਾਂ ਮੂਰਖਾਂ, ਚੋਰਾਂ, ਹਰਾਮਖੋਰਾਂ, ਕਾਤਲਾਂ ਆਦਿ ਦੀ ਵੀ ਗਿਣਤੀ ਨਹੀਂ ਹੋ ਸਕਦੀ। ਗੁਰੁ ਨਾਨਕ ਕਹਿ ਰਹੇ ਹਨ ਕਿ ਮੈਨੂੰ ਤਾਂ ਇਕੋ ਹੀ ਰਾਹ ਵਿਖਾਈ ਦਿੰਦਾ ਹੈ ਅਤੇ ਉਹ ਹੈ ...ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂੰ ਸਦਾ ਸਲਾਮਤਿ ਨਿਰੰਕਾਰ॥

ਮੈਂ ਤੇਰੇ ਉਤੇ ਹੀ ਛੱਡ ਦਿੰਦਾ ਹਾਂ। ਜੋ ਤੂੰ ਕਰਵਾਏ, ਜਿਥੇ ਤੂੰ ਲੈ ਜਾਵੇਂ ਉਹ ਹੀ ਸ਼ੁਭ ਹੈ। ਜਿਹੜਾ ਰਾਹ ਤੂੰ ਦੱਸੇਂ ਉਹ ਹੀ ਮੇਰਾ ਰਾਹ। ਮੰਜ਼ਿਲ ਮਿਲੇ ਜਾਂ ਨਾ ਮਿਲੇ। ਭਗਤ ਦੇ ਲਈ ਇਕੋ ਖ਼ਾਸੀਅਤ ਬਚਦੀ ਹੈ ਉਹ ਹੈ ਸਮਰੱਪਣ। ਫਿਰ ਉਹ ਡੋਬ

ਦੇਵੇ ਤਾਂ ਵੀ ਭਗਤ ਨੂੰ ਲਗੇਗਾ, ਉਹ ਉਭਾਰ ਰਿਹਾ ਹੈ। ਉਹ ਮਿਟਾ ਦੇਵੇ ਤਾਂ ਭਗਤ ਨੂੰ ਲਗੇਗਾ ਉਹ ਬਣਾ ਰਿਹਾ ਹੈ। ਉਹ ਹਨੇਰੇ ਵਿੱਚ ਸੁੱਟ ਦੇਵੇ ਤਾਂ ਵੀ ਭਗਤ ਨੂੰ ਲਗੇਗਾ ਕਿ ਮਹਾਂਸੂਰਜਾਂ ਦਾ ਉਜਾਗਰ ਹੋਇਆ ਹੈ। ਸਵਾਲ ਇਹ ਨਹੀਂ ਕਿ ਅਸੀਂ ਕਿੱਥੇ ਜਾਂਦੇ ਹਾਂ, ਕੀ ਪਾਉਂਦੇ ਹਾਂ। ਸਵਾਲ ਇਹ ਹੈ ਕਿ ਸਾਡੀ ਭਾਵ ਦਸ਼ਾ ਕੀ ਹੈ। ਗੁਰੁ ਨਾਨਕ ਦੀ ਪੂਰੀ ਪ੍ਰਕ੍ਰਿਆ ਸਮੱਰਪਣ ਦੀ ਪ੍ਰਕ੍ਰਿਆ ਹੈ।

ਹੇ ਅਕਾਲ ਪੁਰਖ, ਤੇਰੇ ਅੰਸਖ ਨਾਉਂ ਹਨ, ਤੇਰੇ ਅਸੰਖ ਥਾਂ ਹਨ। ਅੰਸਖ ਦੁਨੀਆਂ ਦੇ ਖੰਡ ਹਨ, ਜੋ ਅੱਗਮ ਹਨ। ਅੰਸਖ ਸ਼ਬਦ ਵੀ ਕਾਫ਼ੀ ਨਹੀਂ ਹੈ। ਅੰਸਖ ਕਹਿਣਾ ਵੀ ਸਿਰ ਦਾ ਭਾਰ ਵਧਾਉਣਾ ਹੈ। ਪਰ ਅਕਾਲ ਪੁਰਖ ਦਾ ਨਾਮ, ਸਤੁਤੀ ਵੀ ਅੱਖਰਾਂ ਨਾਲ ਹੀ ਹੁੰਦੀ ਹੈ। ਅੱਖਰਾਂ ਨਾਲ ਹੀ ਉਸ ਦਾ ਗਿਆਨ ਅਤੇ ਗੁਣ ਗਾਥਾ ਦੇ ਗੀਤ ਹਨ। ਅੱਖਰਾਂ ਨਾਲ ਹੀ ਲਿਖਣਾ ਅਤੇ ਬਾਣੀ ਦਾ ਬੋਲਣਾ ਹੈ। ਅੱਖਰਾ ਰਾਹੀਂ ਹੀ ਭਾਗ ਦਾ ਸੰਜੋਗ ਹੈ। ਪਰ ਜਿਹੜਾ ਲਿੱਖਦਾ ਹੈ ਉਹ ਭਾਗ ਤੋਂ ਪਰੇ ਹੈ। ਉਹ ਜਿਹੋ ਜਿਹਾ ਫਰਮਾਉਂਦਾ ਹੈ ਉਹੋ ਜਿਹਾ ਅਸੀਂ ਪਾਉਂਦੇ ਹਾਂ। ਜੋ ਕੁਝ ਵੀ ਉਸਦੀ ਰਚਨਾ ਹੈ ਸਭ ਉਸਦਾ ਨਾਉਂ ਹੈ। ਨਾਉਂ ਤੋਂ ਬਿਨਾਂ ਕੋਈ ਥਾਂ ਨਹੀ। ਨਾਨਕ ਕਿਸ ਤਰ੍ਹਾਂ ਵਿਖਿਆਨ ਕਰੇ? ਤੇਰੇ ਉਤੇ ਇੱਕ ਵਾਰ ਨਹੀਂ ਹਜ਼ਾਰਾਂ ਵਾਰ ਵਾਰਿਆਂ ਜਾਵਾਂ।ਜੋ ਤੈਨੂੰ ਭਾਵੇ ਉਹ ਹੀ ਭਲਾ ਹੈ, ਤੂੰ ਸਦਾ ਸਲਾਮਤ ਅਤੇ ਨਿੰਰਕਾਰ ਹੈ।

ਸਭ ਕੁਝ ਛੱਡ ਦਿਓ ਉਸ ਉਤੇ। ਆਪਣੀ ਪਕੜ ਛੱਡ ਦਿਓ, ਸਭ ਹੱਲ ਹੋ ਜਾਵੇਗਾ। ਉਲਝਨ ਇਕੋ ਹੈ ਕਿ ਤੁਸੀਂ ਆਪਣੀ ਮੰਨ ਕੇ ਟੁਰਦੇ ਹੋ, ਖ਼ੁਦ ਨੂੰ ਹੀ ਆਪਣਾ ਗੁਰੂ ਬਣਾ ਲਿਆ ਹੈ। ਸੁਲਝਾਓ ਵੀ ਇੱਕੋ ਹੈ, ਕਿ ਤੁਸੀਂ ਉਸਨੂੰ ਗੁਰੂ ਬਣਾ ਦਿਓ ਅਤੇ ਤੁਸੀਂ ਵਿੱਚਕਾਰੋਂ ਹਟ ਜਾਉ। ਅਤੇ ਫਿਰ ਜੋ ਹੋਵੇ, ਤੁਸੀਂ ਫੈਸਲਾ ਨਾ ਲਓ ਕਿ ਕੀ ਭਲਾ ਕੀ ਬੁਰਾ। ਉਸਦੀ ਮਰਜ਼ੀ ਤੋਂ ਬਿਨਾਂ ਤਾਂ ਕੁਝ ਹੋਏਗਾ ਨਹੀਂ। ਇਸ ਲਈ ਜੋ ਵੀ ਹੋਇਗਾ, ਠੀਕ ਹੋਇਗਾ। ਜੋ ਉਸਨੂੰ ਭਾਵੇ ਉਹ ਹੀ ਸ਼ੁੱਭ ਹੈ।

LESSON 16-19

Central Idea: How Great the Formless Eternal be?

In these four lessons Guru Nanak ponders about the greatness of Forever Existent. See! The infiniteness of His vast expanse, and wherever you see He is all pervading. How can you estimate Him and its creation?

Guru Nanak says how can your creative potency be described? O Lord! I am so trivial; I cannot even once be a sacrifice to you. O Formless One! You are eternal, whatever please you, will come to pass; means we have to abide by your will.

Those who understand, realized the Creator becomes supreme. They are approved chiefs and obtain honors in the Lord's court. In the Lord's court they look beauteous. They focus their attention on the One Universal Creator. However much, these supreme ones ponder, but there can be no enumeration of the Creator's doings. How can we say anything about God? For He has no beginning, no end, nor any limit. The Supreme ones can only give a hint and show the path, nothing more.

Whatever is spoken about God can only be negative. We cannot say, He is this. That kind of indication confine Him within a boundary. Anything which is limited can be pointed out. How can limitless can be pointed out?

We find people have heated discussion on the subject of God. There are seminars and meetings where pundits debate, discussions on the existence or nonexistence of God. Busily proving their points, no one worries about the fact that God cannot be proved nor disapproved. God can be known; He can be lived. We can become God, but He cannot be proved or disproved.

How will you prove that whether God is there or not? Whatever you say of Him will be wrong – absurd and wide of the mark. Because God is the totality, the whole, the vast space that spreads all around you and far out into infinity is referred to in that simple word God. God is not a person sitting somewhere on high.

Religion upholds and maintains the earth. Religion is the basis of all life, of all existence. Without its existence cannot hold together; the world would fall apart. It is the foundation on which stands the mansion of existence. All else is like the decoration of mansion. Religion is the foundation, the innate quality of our nature. As it is in the very nature of fire to give heat; without heat there cannot be a fire. It is the nature of the sun to give light; if it does not it will no longer be the sun, it will have lost its quality, its innate character, its dharma. Anything that loses its intrinsic quality is no longer that thing; it was what it was because of its very nature, its quality. The sun is the sun because it gives light; fire is fire because it gives heat. And man is man because of meditation – that is his nature! The person who loses the quality to meditate is a person in name only. Though he still looks like a human being he is actually not.

Religion is the support, the nature, the basis of all life. It is born of compassion. Establish contentment and the equilibrium is established.

Be always satisfied within your own self and ever-compassionate towards others. Whatever fate has given me is enough. Those who are satisfied and fulfilled will attain peace of mind. Unrest and turbulence follow in the wake of dissatisfaction: when I feel things are not happening as I would wish them to happen, that I am not as I should be; that I have not been given what I am worthy of receiving; that God does not seem to be pleased with me; that there is some injustice; that I am not appreciated as I should be; that I definitely deserve more fame, more wealth... as soon as these thoughts of dissatisfaction begin to gather in your mind, you will feel the lack of things and your restlessness begins. Your mind will concentrate on all that you do not have and see only insufficiency and misery. When there is satisfaction towards one's self, then you begin to feel and notice all that you have. And when you begin to realize all that, you have, you are filled with thanks and gratefulness towards Him who has given you so much, thinking surely, I don't deserve all of this!

Contentment towards oneself, and compassion towards others. You must do whatever is possible for you to do for others – and more; give happiness and peace, whether they receive it from you or not, and don't worry or be discontented on that account – it is your own affair. So, keep it to yourself if you tried your best and could not relieve a person of his pain or suffering. Let it not dishearten you; don't reproach yourself, but maintain your contentment.

But we tend to become contented about the lot of others and sympathize with ourselves. But where we ourselves are concerned, we are not prepared to take what comes to us and fight to the bitter end. We are without pity for the lot of the destitute, having wasted all our feelings of compassion on ourselves.

If you are kind to others but dissatisfied with your own self, you will end up a social worker; you will never become religious. If you are satisfied with yourself but have no compassion for others, you become a lifeless holy man. Having lost all that is precious and meaningful in life.

So, Guru Nanak says: Religion is born of compassion, establish contentment and create the balance. He who embodies both compassion and contentment – in their right proportion and the right direction – attains the supreme comprehension of life. He will then know what religion is. Just as you walk on two feet and birds need two wings to fly, just as you need two eyes to get a proper view of the world that surrounds you, so in exactly the same manner you need two wings for the ultimate journey. Guru Nanak calls them compassion and contentment.

Those who understand what religion is, they become **Truthful.** The ideal is: satisfaction within and compassion outside; meditation within, love and kindness outside.

Only God knows what burden the religion bears. There are many worlds and many more beyond them. What power assumes their weight? Creatures of all forms and colors are created by His writ, but only few know the rule to tell it. Can anyone write the account of this mystery? If it were written how whopping it would be. What strength and power! How

beautiful His appearance! How large His charity: who can conceive it? His single word creates the vast expanse – infinite mountains and rivers, the animate and inanimate. How shall I think about it? However, much I offer myself could never be enough! Whatever pleases you, O' Lord, is best for me. You are the formless, the Almighty – you who abide forever!

As soon as anyone become **Truthful**, he begins to witness the glory of existence, its vastness; he sees the infinite life, the overflowing boundless nectar, the limitless beauty and the unaccountable power that has no beginning, no end. How shall I think about it? It is to stand dumbfounded, the eyes filled with surprise and wonder. And how shall I repay the limitless phenomena that happen every moment, the infinite nectar that showers incessantly? Even if I offer myself in sacrifice a thousand times it is but a paltry gesture.

In such moments your desires and wishes will drop off and there will be only one prayer on your lips: O Lord, do not fulfill my wishes; let only Your will be done! For whatever you ask is bound to be mean and insignificant. Children always ask for toys and foolish people ask for foolish things. Then you will say to Him: Let not my desires be gratified, O Lord, because what you have ordained is best for me. Who am I to decide what should be and what should not? Whatever You will is always the best. What does not come to pass is surely not for my good. There is only one criterion, one proof – whatever You will is forever the best. You are the formless, the almighty, the birthless one!

The Lord is forever. It is I who exist at specific times and become nonexistent at others. My being is like a bubble of water. He is the ocean. I am a wave. And what can a wave ask? It lives but for a moment, then how can its desires be real? You will also experience these moments in your life when all your faith will be shaken and your mind will cry out, what is happening? You will doubt the bona fides of God; you placed so much faith in Him and is this the result? But this in itself proves that you have not trusted Him wholly; or else you would accept whatever happened. If your acceptance bears even a little hesitation within, it is not perfect acceptance. If you accept complainingly, your acceptance is incomplete; your faith must be wholehearted – whatever He wishes.

So, the Guru Nanak says as meditation grows stronger, let there be contentment within, compassion outwards. As compassion firmly takes root, contentment will become more profound, and you will experience the dawning of the feeling of gratitude and thanksgiving, and you will say, "Thy way, not mine, O Lord!" This is the ultimate, the culmination of perfection.

It is not only difficult but also impossible to find an end of your entire creation. We even cannot account for those people in this land only which are engaged in meditation, devotion, worship, recite scriptures, yogis etc. Guru Nanak sees only one path……however much I offer myself could never be enough! Whatever pleases you, O Lord is best for me. You are eternal, formless.

If you stop putting yourself in the middle, leave all to Him. Be thankful for whatever He has caused to happen for you, for whatever He is making you do at this moment, for whatever He will cause you to perform. All praise unto Him! Give Him a blank cheque of gratitude.

Whether you were praised or blamed, whether people called it your good fortune or misfortune, let there not be even a trace of difference in your thankfulness. God is eternal, formless. I am too small, like a wave in the ocean. I leave everything to You. If I were to give myself as an offering a thousand times, it would be too insignificant. Whatever pleases You is best for me.

As meditators, worshipers etc. cannot be accounted, similarly fools, thief, embezzler, ruthless killers etc. etc. are also not be counted for. Guru Nanak sees only one path……however much I offer myself could never be enough! Whatever pleases you, O Lord is best for me. You are eternal, formless.

I leave all to You. Whatever You make me do is auspicious. Wherever You take me is favorable for me. Whichever path You indicate is the path for me. It matters not whether the goal is reached or not reached. Surrender is the ultimate quality for the devotee. Nothing remains after this. Then if He makes the devotee sink to the lowest depths, the seeker feels himself raised higher and higher. If He throws him in the darkest pit, the devotee feels the sun rising from a thousand directions. The question is not where you are going, nor what you are attaining, but what is your innermost feeling? Guru Nanak's method is totally a method of surrender.

O' Lord, you have countless names, countless places where you dwell. Countless worlds that can never been reached. Even to call them countless is to burden the mind. Through the letter comes the name and all the prayers. Through the letter is all wisdom and songs in His praise. Through the letter is all writing and speaking. Through the letter all events are destined. But He who writes is beyond destiny. As He ordains, so do we receive. The created universe is all manifestation of your name. Without your name there is no place at all. How Nanak can describe your creative power? However, much I offer myself could never be enough! Whatever pleases you, O' Lord, is best for me. You are eternal and formless one.

Leave all to Him. The only grip you have to loosen is the grip on yourself, and everything is solved. Your only trouble is that you listen to your own advice. You have accepted yourself as your guru. The solution is also only one: make Him your guru and stop meddling in your own affairs; step aside, let Him take over the reins of your destiny. Then whatever happens, do not judge or draw conclusions, because nothing happens against His will. Whatever happens, happens for the best. What pleases Him is the most auspicious. THY WILL BE DONE!